੧ ਓ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਮਾਨ ਸੰਤ ਬਾਬਾ ਫ਼ਤਹ ਸਿੰਘ ਜੀ

ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਾ

# ਪ੍ਰਧਾਨਗੀ ਭਾਸ਼ਨ



ਜੋ

## ਗੁਰੂ ਨਾਨਕ ੫੦੦ ਸਾਲਾ ਪ੍ਰਕਾਸ਼ ਉਤਸਵ ਕਮੇਟੀ

(ਸ਼੍ਰੋਮਣੀ ਗੁ: ਪ੍ਰ: ਕਮੇਟੀ)

ਵਲੋਂ ਸਦੀ ਵਿਸ਼ਵ ਕਨਵੈਨਸ਼ਨ ਵਿਚ

੨੭-੭-੬੯ ਨੂੰ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਵਿਚ ਦਿਤਾ ਗਿਆ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ਓ ਵਾਹਿਗੁਰੂ ਜੀ ਕੀ ਫ਼ਤਹ ॥

# ਪ੍ਰਧਾਨਗੀ ਐਡਰੈਸ

(ਜੋ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਤੇ ਸਰਬ ਸਾਂਝੀ ਸਰਬ ਸੰਸਾਰ ਕਨਵੈਨਸ਼ਨ ਵਿਚ ਸੰਤ ਬਾਬਾ ਫ਼ਤਹ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵਲੋਂ ੨੭ ਜੁਲਾਈ ੧੯੬੯ ਨੂੰ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਪੜ੍ਹਿਆ ਗਿਆ।)

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫ਼ਤਹ ॥

ਵੈਸੇ ਤਾਂ ਮਨੁੱਖੀ ਜੀਵਨ ਤੇ ਵਿਕਾਸ ਵਿਚ ਹਰ ਪਲ ਤੇ ਹਰ ਘੜੀ ਮਹੱਤਤਾ ਭਰਪੂਰ ਹੈ ਪਰ ਫਿਰ ਵੀ ਕੌਮਾਂ, ਦੇਸ਼ਾਂ ਤੇ ਧਰਮਾਂ ਦੇ ਇਤਿਹਾਸਾਂ ਤੇ ਵਿਕਾਸ ਵਿਚ ਕਈ ਉਹ ਪੜਾ ਆਉਂਦੇ ਹਨ ਜਿਨ੍ਹਾਂ ਦੀ ਮਹੱਤਤਾ ਤੇ ਮਹਾਨਤਾ ਵਿਸ਼ੇਸ਼ ਅਤੇ ਵਧੀਕ ਹੁੰਦੀ ਹੈ। ਇਹ ਉਹ ਮੋੜ ਹੁੰਦੇ ਹਨ ਜਿਨ੍ਹਾਂ ਤੇ ਖਲੋਕੇ, ਦੇਸ, ਧਰਮ ਤੇ ਸਮੁਚੀ ਮਨੁੱਖਤਾ ਆਪਣੇ ਵਿਸ਼ਵਾਸ਼ ਤੇ ਵਿਚਾਰਧਾਰਾ ਅਨੁਸਾਰ, ਆਪਣੇ ਬੀਤੇ ਸਮੇਂ ਦੀਆਂ ਸਦੀਆਂ ਦੀਆਂ ਪ੍ਰਾਪਤੀਆਂ ਤੇ ਘਾਟਿਆਂ ਦਾ ਜਾਇਜ਼ਾ ਲੈ ਸਕਦੀਆਂ ਹਨ। ਆਪਣੇ ਵਰਤਮਾਨ ਨੂੰ ਨਿਰਪੱਖ ਪਾਰਖੂ ਅੱਖਾਂ ਨਾਲ ਜੋਹੰਦੇ ਤੇ ਜੋਖਦੇ ਹਨ ਅਤੇ ਆਪਣੇ ਆਉਣ ਵਾਲੇ ਸਮੇਂ ਨੂੰ ਮੁੱਖ ਰੱਖ ਕੇ ਮਨੁੱਖੀ ਭਲਾਈ ਲਈ ਵਿਉਂਤਾਂ ਉਲੀਕਦੇ ਹਨ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌਵਾਂ ਪ੍ਰਕਾਸ਼ ਉਤਸਵ ਸੰਸਾਰ ਦੇ ਸਾਰੇ ਸਿੱਖਾਂ ਲਈ ਇਕ ਇਹੋ ਜਿਹਾ ਅਵਸਰ ਹੈ ਅਤੇ ਅਸੀਂ ਸਾਰੇ ਕਿੰਨੇ ਸੁਭਾਗੇ ਹਾਂ ਕਿ ਇਸ ਮਹਾਨ ਦਿਵਸ ਵੇਖਣ



Digitized by Panjab Digital Library | www.panjabdigilib.org

ਦੀ ਉਡੀਕ ਵਿਚ ਹਾਂ ਅਤੇ ਇਸ ਦੀ ਮਹਾਨਤਾ ਅਤੇ ਖੁਸ਼ੀ ਨੂੰ ਨਿਰੀ ਮਾਨਣ ਤੇ ਵੇਖਣ ਦੀ ਹੀ ਨਹੀਂ; ਸਗੋਂ ਆਪਣੀ ਆਪਣੀ ਵਿੱਤ ਅਨੁਸਾਰ ਇਸ ਵਿਚ ਹਿੱਸਾ ਪਾਉਣ ਦੀ ਤੀਬਰ ਇੱਛਾ ਸਾਡੇ ਦਿਲਾਂ ਅੰਦਰ ਉਛਾਲੇ ਮਾਰ ਰਹੀ ਹੈ। ਮੈਂ ਨਿਰੀ ਸਿਖਾਂ ਨੂੰ ਹੀ ਨਹੀਂ ਬਲਕਿ ਅੱਜ ਦੀ ਸਾਰੀ ਮਨੁੱਖ ਜ਼ਾਤੀ ਨੂੰ ਇਸ ਉਤਸ਼ਵ ਦੀ ਖੁਸ਼ੀ ਦੀ ਵਧਾਈ ਦੇਂਦਾ ਹਾਂ।

ਇਸ ਸ਼ੁਭ ਦਿਹਾੜੇ ਨੂੰ ਮਨਾਉਣ ਲਈ ਸਾਰੇ ਸੰਸਾਰ ਦੇ ਗੁਰੂ ਨਾਨਕ ਨਾਮ ਲੇਵਾ ਘਰ-ਘਰ, ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ, ਪ੍ਰੋਗਰਾਮ ਬਣਾਈ ਬੈਠੇ ਹਨ। ਮੈਂ ਏਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਸਥਾਪਤ ਗੁਰੂ ਨਾਨਕ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਮਨਾਉਣ ਵਾਲੀ ਕਮੇਟੀ ਦੇ ਕੀਤੇ ਜਾ ਰਹੇ ਤੇ ਕੀਤੇ ਜਾਣ ਵਾਲੇ ਕੰਮਾਂ ਦਾ ਸੰਖੇਪ ਜਿਹਾ ਜ਼ਿਕਰ ਕਰਦਾ ਹਾਂ।

ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਯਾਦ ਦੇ ਸਬੰਧ ਵਿਚ ਕੈਲੰਡਰ, ਡਾਇਰੀਆਂ ਤੇ ਕਾਰਡ ਛਾਪਣ ਅਤੇ ਨਵੇਂ ਤੇ ਢੁਕਵੇਂ ਚਿੱਤਰ ਬਣਵਾਨ ਲਈ ਦਸ ਮੰਨਿਆਂ ਪਰਮੰਨਿਆਂ ਆਰਟਿਸਟਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾ ਚੁਕੀਆਂ ਹਨ; ਭਾਰਤ ਦੇ ਚੋਣਵੇਂ ਸ਼ਹਿਰਾਂ ਵਿਚ ਤਿੰਨ ਤਿੰਨ ਦਿਨਾਂ ਦਾ ਖ਼ਾਸ ਸਮਾਗਮ ਕਰਣ ਦਾ ਫ਼ੈਸਲਾ ਹੋ ਚੁੱਕਾ ਹੈ; ਚੋਣਵੇਂ ਬੁਲਾਰਿਆਂ ਦੀਆਂ ਸੇਵਾਵਾਂ ਵੀ ਪਰਾਪਤ ਕੀਤੀਆਂ ਗਈਆਂ ਹਨ; ਚੋਣਵੇਂ ਗੁਰਬਾਣੀ ਦੇ ਕੀਰਤਨੀਆਂ ਦਵਾਰਾ ਬ੍ਰਹਿਮੰਡ ਨੂੰ ਬਾਣੀ ਦੀ ਮਧੁਰ ਧੁਨੀ ਨਾਲ ਸੰਚਾਰਿਆ ਜਾ ਰਿਹਾ ਹੈ; ਆਲ ਇੰਡੀਆ ਰੇਡੀਓ ਸਟੇਸ਼ਨ ਹਰ ਵਿਸ਼ੇਸ਼ ਪ੍ਰੋਗਰਾਮ ਨੂੰ ਬਰਾਡਕਾਸਟ ਕਰੇਗਾ; ਚੋਣਵੇਂ ਚਿਤਰਾਂ, ਵਿਸ਼ੇਸ਼ ਪੁਸਤਕਾਂ ਅਤੇ ਖਰੜਿਆਂ ਦੀਆਂ ਨੁਮਾਇਸ਼ਾਂ ਲਗਾਈਆਂ ਜਾਣਗੀਆਂ; ਪਰਚਾਰ ਵਹੀਰ ਚਲਾਈ ਗਈ ਹੈ, ਜਿਸ ਦੇ ਪ੍ਰਚਾਰਕ ਭਾਰਤ ਦੇ ਕੋਨੇ ਕੋਨੇ ਵਿਚ ਜਾ ਕੇ ਪ੍ਰਚਾਰ ਕਰਰਹੇ ਹਨ ਅਤੇ ਗੁਰਦ-ਵਾਰਿਆਂ ਤੇ ਸਿੱਖ ਇਤਿਹਾਸ ਬਾਰੇ ਫ਼ਿਲਮਾਂ ਵਿਖਾ ਰਹੇ ਹਨ। ਚੋਟੀ ਦੇ ਪੰਜਾਬੀ, ਹਿੰਦੀ ਤੇ ਉਰਦੂ ਦੇ ਸਟੇਜੀ ਤੇ ਸਾਹਿੱਤਕ ਕਵੀ, ਕਵੀ ਦਰਬਾਰਾਂ ਅਤੇ ਕਾਵ-ਸੰਗ੍ਰਹਿਆਂ ਰਾਹੀਂ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਸ਼ਰਧਾਂਜਲੀ ਭੇਟਾ ਕਰਣਗੇ, ਗੁਰੂ ਨਾਨਕ ਦੇਵ ਜੀ ਦੀ ਬਾਣੀ ਬੜੇ ਸੁੰਦਰ ਕਾਗ਼ਜ਼ ਤੇ ਛਾਪਕੇ ਪੁਸਤਕਾਂ, ਪੈਂਫਲਟਾਂ ਤੇ ਗੁਟਕਿਆਂ ਰਾਹੀਂ ਕੇਵਲ ਦਰਸ਼ਨ ਭੇਟਾ ਜਾਂ ਤਕਰੀਬਨ ਮੁਫਤ ਬਰਾਬਰ ਲੋਕਾਂ ਨੂੰ ਦਿਤੀ ਜਾਏਗੀ; ਬਹੁਤ ਸਾਰਾ



Digitized by Panjab Digital Library | www.panjabdigilib.org

ਸਾਹਿਤ ਮੁਫ਼ਤ ਵੀ ਵੰਡਿਆ ਜਾਏਗਾ; ਬੱਚਿਆਂ ਲਈ ਵਿਸ਼ੇਸ਼ ਸਾਹਿਤ ਛਾਪਿਆ ਜਾਏਗਾ, ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਸਿੱਕੇ ਤੇ ਬੈਜ ਬਣਾਏ ਜਾਣਗੇ; ਪ੍ਰਸਿੱਧ ਵਿਦਵਾਨਾਂ ਤੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਮਿਸ਼ਨ, ਫ਼ਿਲਾਸਫ਼ੀ ਤੇ ਬਾਣੀ ਬਾਰੇ ਖਾਸ ਪੁਸਤਕਾਂ ਤੇ ਲੇਖ ਲਿਖਵਾ-ਕੇ ਛਾਪੇ ਜਾ ਰਹੇ ਹਨ, ਚੋਟੀ ਦੇ ਸੰਗੀਤਕਾਰਾਂ ਦੀਆਂ ਆਵਾਜ਼ਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦੇ ਰੀਕਾਰਡ ਤਿਆਰ ਕਰਾਏ ਜਾਣਗੇ; ਡਾਕੂਮੈਂਟਰੀ ਫ਼ਿਲਮਾਂ ਬਣਵਾਈਆਂ ਜਾਣਗੀਆਂ; ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਜਗਤ ਫੇਰੀ) ਦਾ ਨਕਸ਼ਾ ਤਿਆਰ ਕੀਤਾ ਜਾਏਗਾ ਅਤੇ ਉਹਨਾਂ ਦੇਸ਼ ਬਦੇਸ ਯਾਤਰਾਵਾਂ ਦੀਆਂ ਥਾਵਾਂ ਨੂੰ ਬਿਜਲੀ ਦੇ ਬਲਬਾਂ ਨਾਲ ਉਜਾਗਰ ਕੀਤਾ ਜਾਏਗਾ; ਉਹਨਾਂ ਦੀਆਂ ਯਾਤਰਾਵਾਂ ਦੇ ਸਥਾਨਾਂ ਦੀਆਂ ਇਮਾਰਤਾਂ ਦੀ ਮੁਰੰਮਤ ਕੀਤੀ ਜਾਏਗੀ ਤੇ ਜਿਥੇ ਜਿਥੇ ਇਮਾਰਤਾਂ ਨਹੀਂ ਬਣੀਆਂ ਓਥੇ ਓਥੇ ਯਾਦਗਾਰੀ ਇਮਾਰਤਾਂ ਉਸਾਰਣ ਲਈ ਖ਼ਾਲਸਈ ਨਿਸ਼ਾਨ ਸਾਹਿਬ ਗਡੇ ਜਾਣਗੇ। ਇਹ ਸੁਖਾਂ ਲੱਧਾ ਦਿਹਾੜਾ ਮਨਾਉਣ ਲਈ ਭਾਰਤ ਵਿਚ ਸੁਲਤਾਨਪੁਰ ਲੋਧੀ ਤੇ ਸ੍ਰੀ ਅੰਮ੍ਰਿਤਸਰ ਵਿਚ ਖ਼ਾਸ ਸਮਾਗਮ ਕੀਤੇ ਜਾਣਗੇ ਅਤੇ ਗੁਰੂ ਸਾਹਿਬ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, (ਪਛਮੀ ਪਾਕਿਸਤਾਨ) ਵਿਚ ਵੀ ਇਕ ਵਿਸ਼ੇਸ਼ ਸਮਾਗਮ ਦੀ ਪੂਰਤੀ ਕੀਤੀ ਜਾਏਗੀ, ਨਵੀਆਂ ਲਾਇਬ੍ਰੇਰੀਆਂ ਤੇ ਗੁਰੂ ਨਾਨਕ ਨਿਵਾਸ ਬਣਾਏ ਜਾ ਰਹੇ ਹਨ, ਥਾਂ ਥਾਂ ਤੇ ਖੇਡਾਂ ਦੇ ਮੁਕਾਬਲੇ ਵੀ ਕੀਤੇ ਜਾਣਗੇ, ਪਰਦੇਸਾਂ ਵਿਚ ਵੀ ਵਡੇ ਵਡੇ ਸਮਾਗਮ ਹੋਣਗੇ; ਬਾਹਰਲੇ ਦੇਸ਼ਾਂ ਵਿਚ ਵੀ ਸਿਖ ਧਰਮ ਤੇ ਇਤਹਾਸ ਦੇ ਪ੍ਰਸਿੱਧ ਵਿਦਵਾਨ ਤੇ ਬੁਲਾਰੇ ਭੇਜੇ ਜਾਣਗੇ, ਜੋ ਲੈਕਚਰਾਂ ਤੇ ਗੋਸ਼ਟੀਆ ਰਾਹੀਂ ਸਿਖ ਧਰਮ ਤੇ ਸਿਖਾਂ ਦੀ ਕੁਰਬਾਨੀ, ਸੇਵਾ, ਸਹਿਣਸ਼ੀਲਤਾ, ਸੂਰਬੀਰਤਾ ਤੇ ਸਹਿਵਾਸ ਦਾ ਸੁਨੇਹਾ ਓਥੇ ਪੁਚਾਣਗੇ; ਪੰਜਾਬ ਗੌਰਮਿੰਟ ਨੇ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਯੂਨੀਵਰਸਟੀ ਖੋਹਲਣ ਦਾ ਫ਼ੈਸਲਾ ਕਰ ਲਿਆ ਹੈ ਅਤੇ ਗੁਰੂ ਨਾਨਕ ਕਾਲਜ ਦੀ ਨੀਂਹ ਸੁਲਤਾਨਪੁਰ ਲੋਧੀ ਵਿਚ ਰਖੀ ਜਾ ਚੁਕੀ ਹੈ। ਅਕਤੂਬਰ, ੧੯੬੮ ਵਿਚ ਵਾਸ਼ਿੰਗਟਨ, ਅਮਰੀਕਾ ਦੀ ਅੰਤਰਕੌਮਾਂਤਰੀ ਧਾਰਮਕ ਸੰਸਥਾ-"ਟੈਂਪਲ ਆਫ਼ ਅੰਡਰਸਟੈਂਡਿੰਗ"-ਨੇ ਸੰਸਾਰ ਦੇ ਸਰਬ ਧਰਮਾਂ ਦੀ ਪਹਿਲੀ ਸਿਖਰ ਦੀ ਆਤਮਕ ਕਾਨਫ੍ਰੰਸ ਕਲਕਤੇ ਵਿਚ ਕੀਤੀ। ਇਸ ਵਿਚ ਦੁਨੀਆਂ ਦੇ ਸਾਰੇ ਧਰਮਾਂ ਦੇ ਪ੍ਰਸਿਧ ਵਿਦਵਾਨ ਸ਼ਾਮਲ ਹੋਏ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਨੂੰ ਸਿੱਖ ਧਰਮ ਦੀ ਪ੍ਰਤੀਨਿਧਤਾ ਕਰਨ ਲਈ ਭੇਜਿਆ



Digitized by Panjab Digital Library | www.panjabdigilib.org

ਗਿਆ। ਆਪ ਸਭ ਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ 'ਟੈਂਪਲ ਆਫ ਅੰਡਰਸਟੈਂਡਿੰਗ' ਦੀ ਸੰਸਥਾ ਨਵੰਬਰ,੧੯੬੯ ਵਿਚ ਸੰਸਾਰ ਦੇ ਸਾਰੇ ਧਰਮਾਂ ਦੇ ਵਿਦਵਾਨਾਂ ਨੂੰ ਇਕੱਤਰ ਕਰਕੇ ਅਮਰੀਕਾ ਜਾਂ ਯੂਰਪ ਵਿਚ ਗੁਰੂ ਨਾਨਕ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਮਣਾਏਗੀ। ਇਸ ਸੰਬੰਧ ਵਿਚ ਸਾਨੂੰ ਇਸ ਸੰਸਥਾ ਦੇ ਪ੍ਰਬੰਧਕਾਂ ਤੇ ਆਗੂਆਂ ਦੀਆਂ ਚਿਠੀਆਂ ਆ ਚੁਕੀਆਂ ਹਨ ਅਤੇ ਅਸੀਂ ਆਸ ਕਰਦੇ ਹਾਂ ਕਿ ਇਸ ਸੰਸਥਾ ਦੇ ਮਿਲਵਰਤਨ ਨਾਲ ਸਿੱਖ ਧਰਮ ਦਾ ਸਰਬ ਸਾਂਝਾ ਸੁਨੇਹਾ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਸਦਾ ਲਈ ਚਾਨਣ ਮੁਨਾਰਾ ਬਣ ਕੇ ਚਮਕਦਾ ਰਹੇਗਾ ਅਤੇ ਇਸ ਮਨੋਰਥ ਦੀ ਪੂਰਤੀ ਸਾਡੇ ਲਈ ਮਹਾਨ ਪਰਾਪਤੀ ਹੋਵੇਗੀ।

ਉਤੇ ਦਸੀਆਂ ਗੱਲਾਂ ਵੀ ਬੜੀਆਂ ਜ਼ਰੂਰੀ ਹਨ ਪਰ ਹਨ ਬਾਹਰਮੁਖੀ ਹੀ, ਜਿਨ੍ਹਾਂ ਰਾਹੀਂ ਅਸੀਂ ਆਪਣੇ ਅੰਦਰਲੇ ਹਾਵ-ਭਾਵ ਨੂੰ ਪਰਗਟ ਕਰਦੇ ਹਾਂ। ਬਾਹਰਮੁਖੀ ਹਰਕਤਾਂ ਜਾਂ ਕੰਮ ਅੰਤਰਮੁਖੀ ਦੁਨੀਆ ਦਾ ਹੀ ਵਖਾਲਾ ਹੁੰਦੀਆਂ ਹਨ। ਇਸ ਲਈ ਕੋਈ ਮਨੁਖ,ਸਮਾਜ; ਦੇਸ ਜਾਂ ਧਰਮ ਆਪਣੇ ਆਪ ਨੂੰ ਪੂਰੀ ਤਰ੍ਹਾਂ ਜਾਂਚ ਨਹੀਂ ਸਕਦਾ, ਜਿਨਾਂ ਚਿਰ ਉਹ ਆਪਨੀ ਅੰਤਰਮੁਖੀ ਗੁਪਤ ਦੁਨੀਆਂ ਨੂੰ ਸੱਚ ਤੇ ਨਿਰਪਖਤਾ ਦੀ ਕਸਵਟੀ ਜਾਂ ਸਵੈ-ਆਲੋਚਣਾ ਨਾਲ ਨਹੀਂ ਪਰਖਦਾ। ਬਾਹਰਲੇ ਅਡੰਬਰ ਨਾਲੋਂ ਆਪਣੇ ਅੰਦਰੂਨੀ ਹਾਲਤ ਦੀ ਪੜਚੋਲ ਕਰਨੀ ਬੜੀ ਜ਼ਰੂਰੀ ਹੁੰਦੀ ਹੈ। ਇਹ ਅਸੀਂ ਤਾਂ ਹੀ ਕਰ ਸਕਦੇ ਹਾਂ ਜੇ ਪਹਿਲਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੀਵਨ ਜਾਚ, ਮਿਸ਼ਨ, ਫ਼ਿਲਾਸਫ਼ੀ, ਸਿਧਾਂਤ ਤੇ ਮਨੁਖਤਾ ਨੂੰ ਦੇਣ ਸੰਬੰਧੀ ਸੰਖੇਪ ਵੀਚਾਰ ਕਰ ਲਈਏ, ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਇਹ ਮਨਾਇਆ ਜਾ ਰਿਹਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਨਿਰਾ ਇਹਨਾਂ ਦਾ ਪੰਜ-ਸਦੀਆ ਜਨਮ ਉਤਸਵ ਹੀ ਨਹੀਂ ਸਗੋਂ ਸਿੱਖ ਧਰਮ, ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਕੌਮ ਦੇ ਇਤਹਾਸ, ਵਿਕਾਸ, ਕੁਰਬਾਨੀਆਂ, ਪਰਾਪਤੀਆਂ ਤੇ ਹਾਣ ਆਦਿ ਦਾ ਪੰਜ ਸੌ ਸਾਲ ਦਾ ਮੁਲੰਕਣ ਹੈ, ਜਿਸ ਤੇ ਥੋੜੀ ਜਿਹੀ ਵੀਚਾਰ ਕਰਨ ਦੇ ਬਾਅਦ ਅਸੀਂ ਆਪਣਾ ਜਾਇਜ਼ਾ ਲਵਾਂਗੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਅਸੀਂ ਆਪਣੀ ਰਹੁ ਰੀਤੀ, ਰਹਿਣੀ-ਬਹਿਣੀ ਜਾਂ ਆਚਾਰ ਤੇ ਵਿਹਾਰ ਦਾ ਲੋੜੀਂਦਾ ਸੁਧਾਰ ਕਰਕੇ ਮਾਨੁਖਤਾ ਦੇ ਉਧਾਰ ਲਈ ਯਤਨ ਕਰ ਸਕੀਏ, ਕਿਉਂਕਿ ਅਣਝੱਕ ਤੇ ਨਿਰਪਖ ਸਵੈ-ਆਲੋਚਣਾ ਤੋਂ ਬਿਨਾ ਕੋਈ ਕੌਮ ਵੀ ਸੁਚੀ, ਉਚੀ ਤੇ ਉੱਨਤ ਨਹੀਂ ਹੋ ਸਕਦੀ।



Digitized by Panjab Digital Library | www.panjabdigilib.org

ਗੁਰੂ ਨਾਨਕ ਦੇਵ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ, ਜੋ ਸ੍ਰੀ ਨਨਕਾਣਾ ਸਾਹਿਬ ਦੇ ਨਾਮ ਨਾਲ ਪ੍ਰਸਿਧ ਹੈ; ਜ਼ਿਲਾ ਸ਼ੇਖੂਪੁਰਾ, ਹੁਣ ਪਛਮੀ ਪਾਕਿਸਤਾਨ ਵਿਚ, ਸੰਮਤ ੧੫੨੬ ਨੂੰ ਪਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਹੋਇਆ। ਇਹ ਜਨਮ ਤੋਂ ਹੀ ਅਦੁੱਤੀ ਤੇ ਅਲੌਕਿਕ ਬਾਲਕ ਸਨ, ਦੁਨੀਆਂਦਾਰੀ ਤੇ ਬਿਉਪਾਰੀ ਸ੍ਰੇਣੀ ਨਾਲ ਸਬੰਧਤ, ਆਪਣੇ ਪਿਤਾ ਦੇ ਆਖੇ ਲੱਗਕੇ ਉਹਨਾਂ ਜਿਹੜਾ ਪਹਿਲਾ ਵਿਉਪਾਰ ਕੀਤਾ ਇਸ ਨੂੰ "ਸਚਾ ਸੌਦਾ" ਕਹਿ ਕੇ ਯਾਦ ਕੀਤਾ ਜਾਂਦਾ ਹੈ। ਮਨੁਖੀ ਹੋਂਦ ਤੋਂ ਲੈ ਕੇ ਅਜ ਤਕ ਦੁਨੀਆਂ ਵਿਚ ਸੱਚ ਦੀ ਲੋੜ ਤੇ ਥੋੜ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ ਰੱਬ ਨੂੰ ਵੀ 'ਸਤਿਨਾਮ' ਕਹਿ ਕੇ ਯਾਦ ਕੀਤਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨਿਰਾ ਸਿਖੀ ਦਾ ਮਿਸ਼ਨ ਉਦੇਸ਼, ਆਦਰਸ਼ ਜਾਂ ਫਿਲਾਸਫ਼ੀ ਹੀ ਨਹੀਂ, ਸਗੋਂ ਸਾਰੇ ਸੰਸਾਰ ਦੇ ਧਰਮਾਂ, ਦਰਸ਼ਨਾਂ, ਗਿਆਨ, ਵਿਗਿਆਨ, ਤੇ ਸਮੁੱਚੀ ਮਾਨੁਖਤਾ ਦੇ ਸੁਮੁੱਚੇ ਗਿਆਨ ਤੇ ਹੋਂਦ ਦੇ ਮਨੋਰਥ ਨੂੰ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਸਪਸ਼ਟ ਕਰ ਦਿਤਾ ਹੈ -

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ ॥

ਮੇਰਾ ਭਾਵ ਇਹ ਹੈ ਕਿ ਗੁਰੂ ਸਾਹਿਬ ਜਗਤ ਵਿਚ ਛਾ ਚੁਕੇ ਪਾਪ, ਪਾਖੰਡ, ਕਾਮ, ਕਪਟ, ਕਰੋਧ, ਕਾਇਰਤਾ, ਕੁਚੱਜ, ਬਦੀ ਬੇਨਿਯਤੀ, ਬੇਰਹਿਮੀ, ਬੇਸਿਦਕੀ, ਬਲਹੀਣਤਾ, ਬੇਬੱਸੀ, ਜਹਾਲਤ, ਅਤੇ ਜਬਰ ਦੇ ਅਨ੍ਹੇਰੇ ਚੋਂ ਸੱਚ ਦਾ ਚੰਨ ਜਾਂ ਚਾਨਣ ਲਭਣ ਲਈ ਇਸ ਸੰਸਾਰ ਵਿਚ ਆਏ। ਗੁਰੂ ਸਾਹਿਬ ਜੀ ਦੀ ਸਿਧਾਂ ਨਾਲ ਹੋਈ ਗਲਬਾਤ ਬਾਰੇ ਭਾਈ ਗੁਰਦਾਸ ਜੀ ਨੇ 'ਲਖਿਆ ਹੈ :-

ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾ ਕੂੜ ਅੰਧਾਰਾ ॥
ਕੂੜ ਅਮਾਵਸ ਵਰਤਿਆ ਹਉ ਭਾਲਣ ਚੜ੍ਹਿਆ ਸੰਸਾਰਾ ॥

ਗੁਰੂ ਸਾਹਿਬ ਜੀ ਸੱਚ ਦਾ ਐਸਾ ਪ੍ਰਕਾਸ਼ ਸਨ ਕਿ ਭਾਈ ਗੁਰਦਾਸ ਜੀ ਦੀ ਕਲਮ ਚੋਂ ਸੁਤੇ ਸਿੱਧ ਨਿਕਲਿਆ :-

'ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧੁ ਜਗਿ ਚਾਨਣੁ ਹੋਆ।'



Digitized by Panjab Digital Library | www.panjabdigilib.org

ਇਸ ਸਮੇਂ ਬਾਰੇ ਗੁਰਬਾਣੀ ਫੁਰਮਾਉਂਦੀ ਹੈ :-

ਸਚਿ ਕਾਲੁ ਕੂੜੁ ਵਰਤਿਆ, ਕਲਿ ਕਾਲਖ ਬੇਤਾਲ ।

ਅਤੇ ਫਿਰ ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਨੇ ;-

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।

ਨਾਲੇ ਕੂੜ ਦੇ ਅੰਨੇਰੇ ਦੀ ਹਾਲਤ ਨੂੰ ਵੀ ਬਿਆਨ ਕਰਦੇ ਹੋਏ ਆਖਦੇ ਨੇ ;-

'ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ'।

ਰਾਜੇ, ਵਜ਼ੀਰ ਤੇ ਹੋਰ ਸਰਕਾਰੀ ਅਮਲਾ ਫੈਲਾ ਲਬ ਲਾਲਚ ਤੇ ਪਾਪ ਦਾ ਰੂਪ ਹੀ ਧਾਰਨ ਕਰ ਚੁਕੇ ਸਨ ਅਤੇ ਲਬ ਤੇ ਪਾਪ ਦੀ ਪੂਰਤੀ ਤੇ ਸਫ਼ਲਤਾ ਲਈ ਕੂੜ ਉਹਨਾਂ ਦਾ ਨਜ਼ਦੀਕੀ ਤੋਂ ਨਜ਼ਦੀਕੀ ਸਿੱਕਦਾਰ ਭਾਵ ਰਿਸ਼ਤੇਦਾਰ ਜਾਂ ਮਦਦਗਾਰ ਬਣ ਚੁਕਾ ਸੀ । ਗੁਰਦੇਵ ਜੀ ਨੇ ਖੁਦ ਫੁਰਮਾਇਆ ਹੈ -

ਲਬੁ ਪਾਪੁ ਦੁਇ ਰਾਜਾ ਮਹਤਾ,<br>
ਕੂੜੁ ਹੋਆ ਸਿਕਦਾਰੁ ।

ਭਾਰਤ ਵਿਚ ਹਿੰਦੂ ਤੇ ਮੁਸਲਮਾਨ ਦੋ ਧਰਮ ਪਰਧਾਨ ਸਨ ਪਰ ਪਰਸਪਰ ਪਿਆਰ ਦੀ ਥਾਂ ਬਾਹਮੀ ਨਫ਼ਰਤ ਤੇ ਫ਼ਸਾਦ ਉਹਨਾਂ ਤੇ ਭਾਰੂ ਸਨ ਅਤੇ ਉਹ ਸੱਚ ਦੀ ਮੰਜ਼ਲ ਤੋਂ ਉਕ ਕੇ ਔਝੜ ਪਏ ਹੋਏ ਸਨ । ਭਾਈ ਗੁਰਦਾਸ ਜੀ ਨੇ ਲਿਖਿਆ ਹੈ-

'ਸਚੁ ਕਿਨਾਰੇ ਰਹਿ ਗਇਆ,<br>
ਖਹਿ ਮਰਦੇ ਬਾਹਮਣ ਮਉਲਾਣੇ ।'

ਜ਼ਿੰਦਗੀ ਦੇ ਹਰ ਪੱਖ ਵਿਚ ਕੂੜ ਦਾ ਪਸਾਰਾ ਸੀ । ਗੁਰੂ ਸਾਹਿਬ ਜੀ ਨੇ ਅੰਨ੍ਹੇਰੇ ਵਿਚ ਭਟਕਦੀ ਦੁਨੀਆਂ ਨੂੰ ਦੀਵਾ ਬਣ ਕੇ ਰਾਹ ਵਿਖਾਇਆ । ਏਸੇ ਕਰਕੇ ਤੇ ਗੁਰੂ ਅਰਜਨ ਦੇਵ ਜੀ ਉਹਨਾਂ ਦੀ ਉਪਮਾਂ ਵਿਚ ਲਿਖਦੇ ਨੇ-

'ਬਲਿਓ ਚਰਾਗ ਅੰਧ੍ਯਾਰ ਮਹਿ ।'

ਉਹਨਾਂ ਦਾ ਵਿਸ਼ਵਾਸ਼ ਸੀ ਕਿ ਸਦੀਵੀ ਹੋਂਦ ਵਾਲੀ ਸ਼ੈਅ ਸਚ ਹੀ ਹੈ ਅਤੇ ਉਹਨਾਂ ਦਾ ਕਥਨ-

'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ'



Digitized by Panjab Digital Library | www.panjabdigilib.org

ਪੰਜਾਬ ਦੇ ਲੋਕਾਂ ਦਾ ਮੂੰਹ ਚੜ੍ਹਿਆ ਅਖਾਣ ਬਣ ਗਿਆ ਹੈ।

ਸੱਚ ਬੋਲਣਾ, ਪਰਚਾਰਣਾ, ਪੱਕਾ ਕਰਨਾ ਤੇ ਕਮਾਣਾ ਕੋਈ ਸ਼ੋਖੀ ਗਲ ਨਹੀਂ। ਸਚ ਦੇ ਰਾਹ ਤੇ ਚਲਦਿਆਂ ਵਡੇ ਤੋਂ ਵਡੇ ਪੁਰਸ਼ ਵੀ ਡੋਲ, ਡਗਮਗਾ ਤੇ ਡਰ ਜਾਂਦੇ ਹਨ ਪਰ ਗੁਰੂ ਸਾਹਿਬ ਹਮੇਸ਼ਾਂ ਅਡੋਲ ਤੇ ਅਹਿਲ ਰਹੇ। ਉਹਨਾਂ ਦੇ ਸਚੇ ਬਚਨ ਤੇ ਕਰਮ ਨੂੰ ਕੋਈ ਸ਼ਕਤੀ ਜਾਂ ਵਿਅਕਤੀ ਕਿਸੇ ਤਰ੍ਹਾਂ ਵੀ ਤਬਦੀਲ ਨਹੀਂ ਸੀ ਕਰ ਸਕਦੀ, ਕਿਉਂਕਿ ਉਹ ਸਭ ਕੁਝ ਰੱਬੀ ਫੁਰਮਾਨ ਅਨੁਸਾਰ ਕਹਿੰਦੇ ਤੇ ਕਰਦੇ ਸਨ। ਏਸੇ ਲਈ ਤਾਂ ਉਹਨਾਂ ਭਾਈ ਲਾਲੋ ਨੂੰ ਆਖਿਆ ਸੀ :-

'ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ।'

ਅਗੇ ਜਾ ਕੇ ਸੱਚ ਬੋਲਣ ਤੇ ਆਪਣੇ ਦ੍ਰਿੜ ਇਰਾਦੇ ਨੂੰ ਪ੍ਰਗਟ ਕਰਦੇ ਹਨ :-

"ਸਚ ਕੀ ਬਾਣੀ ਨਾਨਕੁ ਆਖੈ,
ਸਚੁ ਸੁਣਾਇਸੀ ਸਚ ਕੀ ਬੇਲਾ।"

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ ਏਸੇ ਇਰਾਦੇ ਦੀ ਪਰੋੜ੍ਹਤਾ ਕਰਦੇ ਹੋਏ ਲਿਖਦੇ ਹਨ-

"ਕਹਿਉ ਪ੍ਰਭੂ ਸੁ ਭਾਖਿਹੋਂ
ਕਿਸੂ ਨ ਕਾਨ ਰਾਖਹੋਂ ॥

ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਅਹਿਲ ਵਿਸਵਾਸ਼ ਸੀ ਕਿ ਗੁਨਾਹਗਾਰ ਨੂੰ ਦੁਸ਼ਮਣੀ ਤੇ ਘਿਰਣਾ ਨਾਲ ਨਹੀਂ, ਹਮਦਰਦੀ, ਪਿਆਰ ਤੇ ਪ੍ਰੇਰਨਾਂ ਨਾਲ ਸੁਧਾਰਿਆ ਜਾ ਸਕਦਾ ਹੈ ਅਤੇ ਇਸ ਗੱਲ ਨੂੰ ਉਹਨਾਂ ਨੇ ਜਪੁਜੀ ਸਾਹਿਬ ਵਿਚ ਹੀ ਬੜੇ ਫਿਲਾਸਫੀਕਲ ਢੰਗ ਨਾਲ ਬਿਆਨ ਕਰ ਦਿੱਤਾ। ਉਹਨਾਂ ਕਿਹਾ ਹੈ ਕਿ ਜੇ ਕੋਈ ਕਪੜਾ ਗੰਦਾ ਜਾਂ ਮੈਲਾ ਹੋ ਜਾਏ ਤਾਂ ਉਹ ਸਾਬਣ ਨਾਲ ਸਾਫ਼ ਹੋ ਸਕਦਾ ਹੈ। ਇਸ ਵੀਚਾਰ ਤੋਂ ਅਗਲੀ ਤੁੱਕ ਬੜੀ ਉਚੀ ਕਾਵਿ ਉਡਾਰੀ ਦੀ ਹੈ। ਸਾਬਣ ਕਪੜ ਨੂੰ ਸਿਰਫ਼ ਸਾਫ਼ ਕਰਦਾ ਹੈ, ਰੰਗ ਨਹੀਂ ਚਾਹੜਦਾ, ਪਰ ਨਾਮ ਦਾ ਸਾਬਣ ਮਨੁੱਖੀ ਮਨ ਨੂੰ ਨਿਰਾ ਸਵਛ ਹੀ ਨਹੀਂ ਕਰਦਾ ਬਲਕਿ ਇਲਾਹੀ ਰੰਗਣ ਵਿਚ ਵੀ ਰੰਗ ਦੇਂਦਾ ਹੈ, ਉਹ ਫੁਰਮਾਉਂਦੇ ਹਨ :-



Digitized by Panjab Digital Library | www.panjabdigilib.org

"ਭਰੀਐ ਮਤਿ ਪਾਪਾ ਕੈ ਸਗਿ ।
ਓਹੁ ਧੋਪੈ ਨਾਵੈ ਕੈ ਰੰਗ ।"

ਏਸੇ ਆਦਰਸ਼ ਨੂੰ ਲੈ ਕੇ ਹੀ ਗੁਰੂ ਜੀ ਕੁਰਾਹੀ ਤੇ ਕੁਕਰਮੀ ਮਨੁਖ ਜਾਤੀ ਨੂੰ ਸੁਰਾਹੇ ਪਾ ਕੇ ਸੱਚ ਦੀ ਮੰਜ਼ਲ ਤੇ ਪੁਚਾਣ ਲਈ ਦੇਸ ਬਦੇਸ ਦਾ ਰਾਜ ਕੀਤਾ ਜਿਸ ਨੂੰ ਮੁਖ ਰੱਖ ਕੇ ਭਾਈ ਗੁਰਦਾਸ ਜੀ ਨ ਉਹਨਾਂ ਬਾਰੇ ਲਿਖਿਆ ਹੈ :-

"ਚੜ੍ਹਿਆ ਸੋਧਨ ਧਰਤਿ ਲੁਕਾਈ ।"

ਗੁਰੂ ਸਾਹਿਬ ਬਾਰੇ ਉਹਨਾਂ ਦੇ ਬਚਪਨ ਤੋਂ ਲੈ ਕੇ ਭਰਪੂਰ ਜਵਾਨੀ ਤੱਕ ਦੀਆਂ ਸਾਖੀਕਾਰਾਂ ਨੇ ਕਈ ਚਮਤਕਾਰ ਮਈ ਤੇ ਅਲੌਕਿਕ ਘਟਨਾਵਾਂ ਦੱਸੀਆਂ ਨੇ । ਜੁਆਨੀ ਦੇ ਅਰੰਭ ਵਿਚ ਉਹ ਆਪਣੀ ਵਡੀ ਭੈਣ ਬੇਬੇ ਨਾਨਕੀ ਜੀ ਦੇ ਪਾਸ ਸੁਲਤਾਨਪੁਰ ਲੋਧੀ ਵਿਚ ਰਹਿੰਦੇ ਹੋਏ ਨਵਾਬਦੌਲਤ ਖ਼ਾਂ ਲੋਧੀ ਦੇ ਮੋਦੀਖਾਨੇ ਦੇ ਮੋਦੀ ਸਨ, ਜਿਥੇ ਆਪ ਜੀ ਨੇ ਬਿਉਪਾਰ ਤੇ ਵਿਹਾਰ ਵਿੱਚ ਵੀ ਸੱਚ ਬੋਲਿਆ ਤੇ ਪੂਰਾ ਤੋਲਿਆ । ਏਥੋਂ ਹੀ ਉਹ "ਨਾ ਕੋਈ ਹਿੰਦੂ ਨ ਮੁਸਲਮਾਨ" ਦਾ ਨਾਅਰਾ ਲਾ ਕੇ ਪਹਿਲੀ ਉਦਾਸੀ ਲਈ ਟੁਰੇ । ਉਹਨਾਂ ਦਾ ਇਹ ਨਾਅਰਾ ਸੁਣ ਕੇ ਬੇਸਮਝ ਤੇ ਦਵੈਖੀ ਬਬੂੰਤਰ ਜਾਂ ਬਹੁਲ ਗਏ ਪਰ ਨਾਅਰਾ ਸੱਚਾ ਸੀ ਕਿਉਂਕਿ ਉਹਨਾਂ ਮਨੁਖਤਾ ਦੇ ਦੁੱਖਾਂ, ਸੁਖਾਂ,ਲੋੜਾਂ, ਥੋੜਾਂ, ਮਸਲੇ ਤੇ ਮੁਸੀਬਤਾਂ ਤੇ ਮੁਢਲੇ ਸੁਭਾਅ ਦਾ ਅਧਿਆਨ ਕਰ ਕੇ ਸਮਝ ਲਿਆ ਸੀ ਕਿ ਜਾਤਾਂ, ਬ੍ਰਾਦਰੀਆਂ, ਮਿੱਲਤਾਂ, ਮਜ਼੍ਹਬਾਂ,ਮੁਲਕਾਂ ਤੇ ਮਿਲਖਾਂ ਦੀਆਂ ਵੰਡਾਂ ਪੀੜਾਂ ਤੇ ਪੁਆੜਿਆਂ ਦਾ ਕਾਰਨ ਹਨ ਅਤੇ ਹਰ ਮਨੁਖ ਆਦੀ, ਬੁਨਿਆਦੀ ਅਤੇ ਆਖ਼ਰੀ ਤੌਰ ਤੇ ਨ ਹਿੰਦੂ ਹੈ ਤੇ ਨ ਮੁਸਲਮਾਨ, ਬਲਕਿ ਕੇਵਲ ਇਨਸਾਨ ਹੈ ।

ਗੁਰੂ ਜੀ ਨੇ ਜਨ ਸਾਧਾਰਨ ਦੀ ਜ਼ਿੰਦਗੀ ਵਿਚ ਚੰਗੀ ਤਰ੍ਹਾਂ ਵਿਚਰ ਕੇ ਵੇਖਿਆ,ਇਸ ਦੇ ਮਸਲਿਆਂ ਨੂੰ ਪੜਤਾਲਿਆਂ ਤੇ ਘੋਖਿਆ,ਮੱਝੀਆਂ ਦੇ ਛੇੜੂ ਬਣੇ,ਬਿਉਪਾਰ ਕੀਤਾ,ਮੋਦੀ ਖਾਨਾ ਚਲਾਇਆ ਅਤੇ ਕਿਰਸਾਨ ਵੀ ਬਣੇ। ਉਨ੍ਹਾਂ ਆਪਣੀ ਜ਼ਿੰਦਗੀ ਵਿਚ ਚਾਰ ਉਦਾਸੀਆਂ(ਸੰਸਾਰ ਫੇਰੀਆਂ) ਕੀਤੀਆਂ । ਭਾਰਤ ਤੋਂ ਛੁੱਟ ਏਸ਼ੀਆ ਦੇ ਬਹੁਤ ਸਾਰੇ ਹੋਰ ਦੇਸ਼ਾਂ ਵਿਚ ਵੀ ਗਏ । ਜ਼ਾਤ ਪਾਤ, ਛੂਤ ਛਾਤ, ਊਚ ਨੀਚ, ਸਰਮਾਇਆਦਾਰੀ, ਮਜ਼੍ਹਬੀ ਤਅੱਸਬ, ਤੰਗ ਦਿਲੀ, ਹਉਮੈ ਤੇ ਹੰਕਾਰ, ਅਨਰਥ ਤੇ ਅਤਿਆਚਾਰ. ਵਿਹਲ ਤ ਵਹਿਮ, ਗ਼ਰੀਬੀ ਤੇ ਅਮੀਰੀ ਦੀ ਵਿਥ ਆਦਿ ਸਭ ਦਾ ਜ਼ੋਰਦਾਰ ਖੰਡਨ ਕੀਤਾ। ਹਿੰਦੂਆਂ ਨੇ ਆਪਣੇ



Digitized by Panjab Digital Library | www.panjabdigilib.org

ਪ੍ਰਤੀ ਤ੍ਰੈਮੁਖੀ ਧਾਰਮਕ ਵਿਸ਼ਵਾਸ਼ ਨੂੰ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਦੇ ਨਾਵਾਂ ਨਾਲ ਪਰਗਟ ਕੀਤਾ ਹੈ। ਇਸਾਈ ਆਪਨੀ ਟਰਿੰਟੀ ਪਿਤਾ (ਫ਼ਾਦਰ) ਪੁੱਤਰ (ਸੰਨ)ਅਤੇ ਪਵਿੱਤਰ ਆਤਮਾ (ਹੋਲੀ ਗੋਸਟ) ਰਾਹੀਂ ਮੰਨਦੇ ਹਨ, ਪਰ ਗੁਰੂ ਨਾਨਕ ਦੇਵ ਜੀ ਨੇ ਇਸ ਟਰਿੰਟੀ ਨੂੰ ਜਨ ਸਾਧਾਰਨ ਦੀ ਸਿੱਧੀ ਸਾਦੀ ਅਮਲੀ ਜੀਵਨ-ਜਾਚ ਵਿਚ ਸ਼ਾਮਲ ਕਰਕੇ ਸਿਖ ਧਰਮ ਦਾ ਸਾਰੰਸ਼ ਦਸਿਆ ਹੈ। ਸਿੱਖ ਧਰਮ ਦੀ ਟਰਿੰਟੀ ਹੈ-ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ।

ਦੁਨੀਆਂ ਦੇ ਇਤਹਾਸ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਨਿਵੇਕਲੀ ਥਾਂ ਉਹਨਾਂ ਦੀ ਨਿਮਰਤਾ ਦੇ ਸਦਕਾ ਵੀ ਹੈ। ਉਹਨਾਂ ਨੇ ਭਗਤੀ ਜਾਂ ਬੰਦਗੀ ਦੇ ਹੰਕਾਰ ਵਾਲਿਆਂ ਨੂੰ ਕਿਹਾ-

ਭਾਉ ਭਗਤ ਕਰ ਨੀਚ ਸਦਾਏ ॥ ਤਉ ਨਾਨਕ ਮੋਖੰਤਰ ਪਾਏ ॥

ਉਹ ਖ਼ਾਲਕ ਤੇ ਖ਼ਲਕਤ ਦਾ ਲਾਲਾ ਜਾਂ ਗੋਲਾ ਬਣ ਕੇ ਵੀ ਸੁਭਾਗਾ ਜਾਂ ਵਡੇ ਭਾਗਾਂ ਵਾਲਾ ਹੋਣ ਦਾ ਦਾਅਵਾ ਕਰਦੇ ਹਨ :-

ਮੂਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ।
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ।

ਸਤਿਗੁਰ ਜੀ ਨੇ ਜ਼ਾਲਮ ਤੇ ਜ਼ੁਲਮ ਦੇ ਵਿਰੁਧ ਅਤੇ ਮਜ਼ਲੂਮ ਦੀ ਖ਼ਾਤਰ ਸੰਗਰਾਮ ਵਿਚ ਜਾਨ ਕੁਰਬਾਨ ਕਰਨੀ ਪਹਿਲੀ ਤੇ ਮੁਢਲੀ ਮੰਗ ਮਿਥੀ ਹੈ। ਇਹ ਮਨੁੱਖਤਾ ਨਾਲ ਉਹ ਪਰੇਮ ਹੈ ਅਤੇ ਇਸਦਾ ਰਾਹ ਉਸ ਗਲੀ ਚੋਂ ਲੰਘਦਾ ਹੈ, ਜਿਸ ਵਿਚ ਜਾਣ ਲਗਿਆਂ ਨਿਡੱਰ ਹੋ ਕੇ ਸਿਰ ਆਪਣੀ ਤਲੀ ਤੇ ਧਰ ਕੇ ਜਾਣਾ ਚਾਹੀਦਾ ਹੈ। ਉਹ ਫੁਰਮਾਂਦੇ ਨੇ-

'ਜਉ ਤਉ ਪ੍ਰੇਮ ਖੇਲਣ ਕਾ ਚਾਉ,
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ।'

ਇਸ ਆਦੇਸ਼ ਤੇ ਆਦਰਸ਼ ਦੇ ਸਦਕਾ ਹੀ ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਪਰਵਾਰ ਤੇ ਹਜ਼ਾਰਾਂ ਸਿੰਘਾਂ, ਸਿੰਘਣੀਆਂ, ਮਾਤਾਵਾਂ, ਭੈਣਾਂ, ਤੇ ਬੱਚੇ ਬਚੀਆਂ ਨੇ ਅਣਖ-ਆਨ ਦੀ ਖ਼ਾਤਰ ਆਪਣੀਆਂ ਜਾਨਾਂ ਹੱਸ ਹੱਸ ਕੇ ਕੁਰਬਾਨ ਕੀਤੀਆਂ।

ਡਾਕਟਰ ਸਰ ਮੁਹੰਮਦ ਇਕਬਾਲ ਆਪਣੇ ਸਮੇਂ ਵਿਚ ਭਾਰਤ ਦੇ ਗਿਣੇ ਮਿਥੇ ਵਿਦਵਾਨਾਂ ਵਿਚੋਂ ਇਕ ਸਨ ਅਤੇ ਉਰਦੂ ਸ਼ਾਇਰੀ ਵਿਚ



Digitized by Panjab Digital Library | www.panjabdigilib.org

ਅਜੇ ਵੀ ਉਨ੍ਹਾਂ ਦੀ ਥਾਂ ਕੋਈ ਨਹੀਂ ਲੈ ਸਕਿਆ। ਇਕਬਾਲ ਜੀ ਨੇ ਵੀ ਮੰਨਿਆ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਹਿੰਦੁਸਤਾਨ ਦੇ ਲੋਕ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ ਨਫ਼ਰਤ ਤੇ ਨਫ਼ਾਕ ਦੀ ਮਾਰੂ ਨੀਂਦਰ ਵਿਚ ਸੁਤੇ ਸਨ ਪਰ ਗੁਰੂ ਨਾਨਕ ਦੇਵ ਜੀ ਨੇ ਹਿੰਦੁਸਤਾਨੀਆਂ ਨੂੰ ਮਾਨੁੱਖੀ ਮੁਹੱਬਤ, ਏਕਤਾ ਅਤੇ ਆਜ਼ਾਦੀ ਦੇ ਇਸ਼ਕ ਦੀ ਚਿੰਗਾੜੀ ਨਾਲ ਜਗਾਇਆ। ਉਨ੍ਹਾਂ ਗੁਰੂ ਸਾਹਿਬ ਬਾਰੇ ਲਿਖਿਆ ਹੈ :-

ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ।

ਡਾਕਟਰ ਇਕਬਾਲ ਜਿਹੀ ਵਿਅਕਤੀ ਵਲੋਂ ਗੁਰੂ ਸਾਹਿਬ ਨੂੰ ਇਸ ਸ਼ਰਧਾਂਜਲੀ ਦੀ ਭੇਟਾ ਕੋਈ ਛੋਟੀ ਗੱਲ ਨਹੀਂ, ਪਰ ਸੱਚ ਪੁਛੋ ਤਾਂ ਅਸਲੀ ਗਲ ਇਕਬਾਲ ਦੀ ਆਖੀ ਹੋਈ ਗਲ ਤੋਂ ਵੀ ਬਹੁਤ ਵਡੀ ਹੈ, ਕਿਉਂਕਿ ਗੁਰੂ ਸਾਹਿਬ ਨੇ ਸਿਰਫ਼ ਹਿੰਦੁਸਤਾਨ ਦੇ ਲੋਕਾਂ ਨੂੰ ਹੀ ਨਹੀਂ ਸੀ ਜਗਾਇਆ, ਬਲਕਿ ਉਹਨਾਂ ਨੇ ਤਾਂ ਤਿੱਬਤ, ਚੀਨ, ਬਰਮ੍ਹਾਂ, ਲੰਕਾ, ਮੱਕਾ ਤੇ ਬਗਦਾਦ ਤਕ ਦੇ ਲੋਕਾਂ ਵਿਚ ਵੀ ਜਾਗ੍ਰਤ ਪੈਦਾ ਕੀਤੀ ਸੀ।

ਗੁਰੂ ਨਾਨਕ ਦੇਵ ਜੀ ਸੱਚ ਦਾ ਸੁਨੇਹਾ ਦੇਣ ਲਈ ਮੰਦਰਾਂ ਵਿਚ ਵੀ ਗਏ ਅਤੇ ਮਸੀਤਾਂ ਵਿਚ ਵੀ। ਉਹਨਾਂ ਨੇ ਗ੍ਰਿਹਸਤੀਆਂ, ਕਾਮਿਆਂ, ਕਿਰਤੀਆਂ, ਕਿਸਾਨਾਂ, ਤਿਆਗੀਆਂ, ਵੈਰਾਗੀਆਂ, ਸਾਧਾਂ, ਸੰਤਾਂ, ਸਿੱਧਾਂ, ਸੌਦਾਗਰਾਂ, ਸਿਪਾਹੀਆਂ, ਸਿਪਾਹਸਲਾਰਾਂ, ਦੌਲਤ ਦੇ ਦੀਰਘ ਰੋਗ ਵਿਚ ਗ੍ਰਸੇ ਹੋਏ ਦੁਨੀ ਚੰਦ ਜਿਹੇ ਸੇਠਾਂ, ਭਾਈ ਲਾਲੋ ਜਿਹੇ ਖੱਟ ਘਾਲ ਦੀ ਕਮਾਈ ਵਾਲੇ ਮਾਨੁੱਖਤਾ ਦੇ ਲਾਲਾਂ, ਮਲਕ ਭਾਗੋ ਜਿਹੇ ਮਾਇਆ ਦੇ ਮਾਨ ਮਤਿਆਂ ਤੇ ਵਿਹਲੜਾਂ ਸਮਾਜਕ ਚਿਚੜਾਂ, ਕੁਰੂਕਸ਼ੇਤਰ, ਹਰਦਵਾਰ, ਮਥਰਾ, ਬਿੰਦਰਾਬਨ, ਕਾਂਸ਼ੀ, ਗਯਾ ਤੇ ਜਗਨ ਨਾਥ ਦੇ ਪੰਡਤਾਂ, ਪਾਂਡਿਆਂ ਤੇ ਪਾਂਧਿਆਂ, ਸੁਮੇਰ ਪਰਬਤ ਦੇ ਸਿੱਧਾਂ, ਅਚਲ ਵਟਾਲੇ ਦੇ ਅਤੀਤ ਨਾਥਾਂ, ਗੋਰਖ ਟਿੱਲੇ, ਗੋਰਖ ਹਟੜੀ ਤੇ ਗੋਰਖ ਮਤੇ ਦੇ ਜਤੀਆਂ ਤੇ ਜੋਗੀਆਂ-ਜੰਗਮਾਂ, ਭਗਤ ਰਵਿਦਾਸ, ਭਗਤ ਕਬੀਰ, ਭਗਤ ਜੈ ਦੇਵ, ਭਗਤ ਧੰਨਾ ਤੇ ਭਗਤ ਨਾਮ ਦੇਵ ਦੇ ਚੇਲਿਆਂ, ਮੱਕੇ, ਬਗਦਾਦ; ਮੁਲਤਾਨ ਤੇ ਪਾਕ-ਪਟਨ ਦੇ ਕਾਜ਼ੀਆਂ; ਨਮਾਜ਼ੀਆਂ, ਹਾਜੀਆਂ, ਹਾਤਫ਼ਾਂ, ਹਾਫ਼ਜ਼ਾਂ, ਪਾਰਸਾਵਾਂ, ਪਰਹੇਜ਼ਗਾਰਾਂ, ਆਬਿਦਾਂ, ਆਮਲਾਂ, ਜ਼ਾਹਿਦਾਂ, ਰਿੰਦਾਂ, ਸੂਫੀਆਂ, ਸਾਦਕਾਂ, ਸਾਬਰਾਂ; ਆਲਮਾਂ ਉਜੱਡਾਂ, ਵਹਦਤਪ੍ਰਸਤਾਂ; ਵਹਿਮੀਆਂ ਸੱਚੀ ਮਾਨੁਖੀ ਮੁਹੱਬਤ ਵਾਲੇ ਸਚੇ ਮੋਮਨਾਂ ਤੇ ਮਜ਼੍ਹਬੀ ਮੁਤਅੱਸਬਾਂ, ਸਭ ਨੂੰ ਘਿਰਣਾ ਜਾਂ ਘੂਰੀ-



Digitized by Panjab Digital Library | www.panjabdigilib.org

ਘੱਪੇ ਨਾਲ ਨਹੀਂ, ਸਚ ਦੀ ਸ਼ਕਤੀ, ਪਿਆਰ ਤੇ ਪਰੇਰਨਾਂ ਨਾਲ ਸੋਧਿਆਂ ਤੇ ਸਿੱਧੇ ਰਾਹ ਪਾਇਆ ।

ਗੁਰੂ ਸਾਹਿਬ ਨੇ ਬਾਬਰ ਜਿਹੇ ਜ਼ਾਬਰ ਨੂੰ ਖਰੀਆਂ ਖਰੀਆਂ ਸੁਣਾਈਆਂ, ਕੌਡੇ ਰਾਕਸ਼ ਚੋਰ ਭੂਮੀਏ ਅਤੇ ਸਜਨ ਠਗ ਨੂੰ ਭੁਲੇਖੇ ਦੇ ਅੰਨ੍ਹੇਰੇ, ਚੋਂ ਕੱਢ ਕੇ ਸਚ ਦਾ ਸੂਰਜ ਵਿਖਾਇਆ । ਮਟਨ ਦੇ ਪੰਡਤ ਬਰਹਮ ਦਾਸ ਨੂੰ ਫੋਕੀ ਵਿਦਵਤਾ ਦੀ ਹੰਗਤਾ ਤੋਂ ਛੁਡਾ ਕੇ ਸੱਚਾ ਬਰਹਮ ਗਿਆਨ ਦਿਤਾ । ਵਲੀ ਕੰਧਾਰੀ ਦੀ ਕਰਾਮਾਤੀ ਕੰਧ ਨੂੰ ਢਾਹ ਕੇ ਉਸ ਦੀ ਢਹਿੰਦੀ ਆਤਮਕ ਕੰਧ ਨੂੰ ਦੁਬਾਰਾ ਉਸਾਰਿਆ, ਨੂਰ ਖਾਂ ਜਾਦੂਗਰਣੀ ਨੂੰ ਜਾਦੂ ਦੀ ਜੇਹਲ 'ਚੋਂ ਕਢ ਕੇ ਸਚੇ ਸ਼ਬਦ ਦੀ ਸੰਗਲੀ ਦੀ ਜੇਵੜੀ ਨਾਲ ਜਕੜਿਆ । ਉਹ ਜਿਥੇ ਤੇ ਜਿਸ ਕੋਣ ਵੀ ਗਏ, ਓਥੇ ਹੀ ਉਹਨਾਂ ਪਾਖੰਡ ਨੂੰ ਸਚੇ ਪਿਆਰ ਤੇ ਪਵਿਤਰਤਾ, ਪਾਪ ਨੂੰ ਪੁੰਨ, ਤੁਅੱਸਬ ਨੂੰ ਮੁਹੱਬਤ ਦਵੈਤ ਨੂੰ ਵਾਹਦਤ ਅਤੇ ਅਨੇਕਤਾ ਨੂੰ ਏਕਤਾ ਵਿਚ ਤਬਦੀਲ ਕੀਤਾ । ਉਹਨਾਂ ਨੇ ਦੇਸ਼ ਦੇਸ਼ਾਂਤਰਾਂ ਵਿਚ ਭਉਂਕੇ ਮਾਨੁਖਤਾ ਤੇ ਮਜ਼ਬ ਦਾ ਅਰਥ ਮਾਨੁਖੀ ਮੁਹੱਬਤ ਦਸਿਆ, ਨਾ ਕਿ ਮੁਤਅਸਬ ਤੇ ਮੋਮੋਠਗਨਾ ਜਾਲ । ਹਿੰਦੂ ਧਰਮ ਤੇ ਸਮਾਜ, ਉਦਾਲਖ ਰਿਸ਼ੀ ਦੇ ਲਿਖੇ ਛਾਂਦੋਗ ਉਪਨਿਸ਼ਦ ਵਿਚੋਂ ਦਿਤੇ 'ਪ੍ਰਮਾਤਮਾ ਦੇ ਸਰਬ ਵਿਆਪਕ ਹੋਣ' ਦੇ ਵਿਸ਼ਵਾਸ਼ ਦੇ ਬਾਵਜੂਦ ਚਾਰ ਵਰਣਾਂ, ਜ਼ਾਤ ਪਾਤ ਤੇ ਛੂਤ ਛਾਤ ਦੀਆਂ ਮਨੁਖਤਾ ਮਾਰੂ ਬੀਮਾਰੀਆਂ ਦਾ ਸ਼ਿਕਾਰ ਸੀ । ਕੁਰਆਨ ਮਜੀਦ ਦੇ ਪਹਿਲੇ ਬਾਬ, ਸੂਰਤ ਅਲਫ਼ਾਤਹ ਵਿਚ ਦਿਤੇ ਏਕਤਾ ਦੇ ਅਕੀਦੇ 'ਰਬਿੱਲ ਆਲਮੀਨ' ਦੇ ਬਾਵਜੂਦ ਮੁਸਲਮਾਨ ਕੌਮ ਜਹਾਦ ਅਤੇ ਮਜ਼ਬੀ ਤਅੱਸਬ ਦੀ ਮੁਦੱਈ ਸੀ । ਇਸਾਈ ਮੱਤ ਦਾ ਮੁੱਢਲਾ ਨਿਯਮ ਵੀ 'ਆਪਨੇ ਗਵਾਂਢੀ ਨੂੰ ਆਪਨੇ ਵਾਂਗੂੰ ਹੀ ਪਿਆਰ ਕਰੋ' ਗੁਰੂ ਨਾਨਕ ਸਾਹਿਬ ਜੀ ਨੇ ਆਪਨੇ ਘਰ ਦੀ ਕੰਧ ਨਾਲ ਕੰਧ ਵਾਲੇ ਘਰ ਵਿਚ ਵਸਣ ਵਾਲੇ ਗਵਾਂਢੀ ਨੂੰ ਹੀ ਨਹੀਂ ਸਗੋਂ ਦੂਰ-ਦੁਰਾਡੇ ਤੇ ਦੇਸ਼-ਦੇਸ਼ਾਂਤਰਾਂ ਦੀ ਸਾਰੀ ਮਾਨੁਖਤਾ ਨੂੰ ਸੱਚੇ ਪਿਆਰ ਦੀ ਗਲਵੱਕੜੀ ਪਾਈ । ਹੰਕਾਰੀਆਂ ਦੇ ਹੰਕਾਰ ਨੂੰ ਝੂਣਾ ਮਾਰ ਕੇ ਹਠਾਂ ਡੇਗਿਆ ਤੇ ਮਿਧੇ ਹੋਏ ਗਰੀਬਾਂ ਨੂੰ ਬਿਨਾਂ ਕਿਸੇ ਜਥਾਨਕ, ਮਜ਼ਬੀ ਜਾਂ ਨਸਲੀ ਵਿਤਕਰੇ ਦੇ ਉਤਾਂਹ ਚੁਕਿਆ । ਇਹ ਹੀ ਕਾਰਨ ਸੀ ਕਿ ਅੰਗ੍ਰੇਜ਼ ਇਤਿਹਾਸਕਾਰ ਸੀ. ਐਚ. ਪੇਨ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਿਹਾ-'ਉਹ ਸਮੁਚੀ ਮਾਨੁਖਤਾ ਦੀ ਰਾਹਨੁਮਾਈ ਕਰਨ ਲਈ ਇਸ ਸੰਸਾਰ ਵਿਚ ਆਏ ਸਨ ।'

ਉਹਨਾਂ ਨੇ ਜੀਵਨ ਦੇ ਆਖਰੀ ਸਾਲ ਰਾਵੀ ਦੇ ਸਜੇ ਕੰਢੇ



Digitized by Panjab Digital Library | www.panjabdigilib.org

ਕਰਤਾਰਪੁਰ ਵਸਾ ਕੇ ਆਪਣੇ ਘਰ ਅਤੇ ਟੱਬਰ ਵਿਚ-ਗੁਜ਼ਾਰੇ। ਹਾਂ ਹਲ ਵਾਹ ਕੇ ਕਮਾਈ ਕੀਤੀ। ਲੰਗਰ ਲਾ ਕੇ ਆਏ ਗਏ ਤੇ ਭੁਖੇ ਭਾਣੇ ਲੋੜਵੰਦਾਂ ਨੂੰ ਭੋਜਨ ਛਕਾਇਆ ਤੇ ਹੋਰ ਪੁਜਦੀ ਸਰਦੀ ਸੇਵਾ ਕੀਤੀ। ਨਾਮ ਸਿਮਰਨ ਦਾ ਪਰਵਾਹ ਚਲਾਇਆ ਤੇ ਇਸ ਤਰ੍ਹਾਂ ਸਿੱਖ ਧਰਮ ਦੇ ਸਾਰੰਸ਼-ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਨਾ ਦਾ ਅਨੁਵਾਦ ਅਮਲ ਵਿਚ ਕੀਤਾ। ਸਾਹਿਤ ਰਚਿਆ। ਸਿੱਖ ਧਰਮ ਤੇ ਸਿੱਖ ਸੰਗਤਾਂ ਲਈ ਸੰਗੀਤ ਬੱਧ ਕੀਰਤਨ ਦੀ ਨੀਂਹ ਰਖੀ। ਹਿੰਦੁਸਤਾਨੀਆਂ ਨੂੰ ਗੁਲਾਮੀ ਅਤੇ ਬਦੇਸ਼ੀ ਹੁਕਮਰਾਨਾਂ ਤੋਂ ਆਜ਼ਾਦ ਹੋਣ ਲਈ ਪ੍ਰੇਰਨਾ ਕੀਤੀ। ਸਮਾਜਕ ਤੇ ਧਾਰਮਕ ਵਹਿਮਾਂ ਤੇ ਪਾਖੰਡਾਂ ਦਾ ਖੰਡਨ ਕੀਤਾ।

ਅੰਤਮ ਸਮੇਂ ਆਪ ਨੇ ਸ਼ਰਧਾਲੂ ਸਿੱਖ ਸੇਵਕ ਭਾਈ ਲਹਿਣਾ ਜੀ ਨੂੰ ਅੰਗਦ ਭਾਵ 'ਅੰਗੇਖੁਦ' ਬਣਾ ਕੇ ਗੁਰੂ ਗੱਦੀ ਦਿਤੀ ਤੇ ਆਪਣੇ ਪੁਤਰਾਂ ਦੇ ਹੱਕ ਤੋਂ ਭਾਈ ਲਹਿਣਾ ਜੀ ਦੀ ਵਫ਼ਾਦਾਰੀ, ਸ਼ਰਧਾ, ਸੇਵਾ, ਕੁਰਬਾਨੀ ਤੇ ਯੋਗਤਾ ਨੂੰ ਤਰਜੀਹ ਦੇ ਕੇ ਸੰਸਾਰ ਨੂੰ ਕਿਸੇ ਰੁਤਬੇ, ਪਦਵੀ ਜਾਂ ਗਦੀ ਦੀ ਸੌਂਪਣਾ ਲਈ ਅਨੋਖੀ ਚੋਣ ਕਰਕੇ ਨਵਾਂ ਤੇ ਨਰੋਆ ਸਬਕ ਦਿਤਾ, ਜਿਸ ਬਾਰੇ ਭਾਈ ਸੱਤਾ ਤੇ ਬਲਵੰਡ ਰਾਮਕਲੀ ਕੀ ਵਾਰ ਵਿਚ ਲਿਖਦੇ ਨੇ ;-

'ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ।
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ।
ਸਿਖਾਂ ਪੁਤ੍ਰਾਂ ਘੋਖਿਕੈ ਸਭ ਉਮਤਿ ਵੇਖਹੁ ਜਿਕਿਓਨੁ।
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ।

ਗੁਰੂ ਨਾਨਕ ਦੇਵ ਜੀ ਸੰਸਾਰ, ਦੇ ਇਤਿਹਾਸ ਵਿਚ ਮਾਨੁਖਤਾ ਦੀ ਸਭ ਤੋਂ ਜ਼ਿਆਦਾ ਹਰਮਨ ਪਿਆਰੀ ਹਸਤੀ ਸਨ। ਉਹਨਾਂ ਦੇ ਸਮੇਂ ਵਿਚ ਹਿੰਦੂਆਂ ਤੇ ਮੁਸਲਮਾਨਾਂ ਦਾ ਇਟ ਤੇ ਘੜੇ ਦਾ ਵੈਰ ਸੀ, ਪਰ ਗੁਰੂ ਨਾਨਕ ਦੇਵ ਜੀ ਦੇ ਸੱਚ ਤੇ ਸਰਬ ਸਾਂਝੇ ਪਿਆਰ ਨੇ ਇਟ ਤੇ ਘੜੇ ਦੋਹਾਂ ਨੂੰ ਅਹਿਸਾਸ ਕਰਵਾ ਦਿਤਾ ਕਿ ਆਖਰਕਾਰ ਤੁਸੀਂ ਦੋਵੇਂ ਹੋ, ਇਕ ਮਿਟੀ ਦੇ ਬਣੇ ਹੋਏ ਅਤੇ ਇਕੋ ਅਗ ਦੇ ਸੇਕ ਨਾਲ ਪਕੇ ਹੋਏ, ਇਕ ਦੂਜੇ ਨਾਲ ਪਿਆਰ ਕਰੋ। ਇਸ ਏਕਤਾ ਤੇ ਪਿਆਰ ਦਾ ਸਬੂਤ ਗੁਰੂ ਸਾਹਿਬ ਦੇ ਜੀਵਨ ਵਿਚੋਂ ਮਿਲਿਆ ਜਦੋਂ ਉਹਨਾਂ ਦੀ ਅੰਤਮ ਕਿਰਿਆ ਕਰਮ ਕਰਨ ਲਈ ਹਿੰਦੂ ਤੇ ਮੁਸਲਮਾਨ ਦੋਵੇਂ ਬੜੀ ਸ਼ਰਧਾ, ਸਿਦਕ ਦਿਲੀ ਤੇ ਗਰਮ ਜੋਸ਼ੀ ਨਾਲ ਦਾਹਵਾ ਕਰਨ ਲਗੇ। ਹਿੰਦੂ ਕਹਿਣ ਕਿ ਇਹ ਸਾਡੇ ਗੁਰੂ ਨੇ ਅਤੇ



Digitized by Panjab Digital Library | www.panjabdigilib.org

ਮੁਸਲਮਾਨ ਕਹਿਣ ਇਹ ਸ ਡੇ ਪੀਰ ਨੇ । ਸੰਸਾਰ ਦੇ ਧਾਰਮਕ 'ਇਤਿਹਾਸ ਵਿਚ ਅੰਤਮ ਸਮੇਂ ਇਹ ਅਨੋਖਾ ਤੇ ਪਿਆਰ ਸਿਰਫ ਸਿਖ ਧਰਮ ਦੇ ਬਾਨੀ ਨੂੰ ਹੀ ਪ੍ਰਾਪਤ ਹੋਇਆ ਹੈ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੀਹੜੀ ਦਰ ਪੀਹੜੀ ਨੌਂ ਹੋਰ ਗੁਰੂ ਸਾਹਿਬਾਨ ਨੇ ਸਰਬ ਸਾਂਝੇ ਸਿਖ ਧਰਮ ਦੇ ਮਹੱਲ ਦੀ ਉਸਾਰੀ ਕੀਤੀ, ਜਿਸ ਵਿਚ ਸਾਰੇ ਮਾਨੁਖੀ ਗੁਣਾਂ ਦੀ, ਜਿਨ੍ਹਾਂ ਨਾਲ ਮਾਨੁਖਤਾ ਮਜ਼ਬੂਤ, ਸੁਜਾਨ ਤੇ ਸੁਖਾਵੀਂ ਹੋ ਸਕੇ, ਵਰਤੋਂ ਕੀਤੀ ਗਈ। ਗੁਰੂ ਅੰਗਦ ਦੇਵ ਜੀ ਨੇ ਲੰਗਰ, ਪੰਗਤ, ਤੇ ਸੰਗਤ ਨੂੰ ਸਿਖੀ ਵਿਚ ਸਥਿਰਤਾ ਦਿਤੀ। ਗੁਰੂ ਅਮਰਦਾਸ ਜੀ ਨੇ ਬੇਨਜ਼ੀਰ ਤੇ ਨਿਸ਼ਕਾਮ ਸੇਵਾ ਦਾ ਬੀ ਬੀਜਿਆ। ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਵਸਾਇਆ ਅਤੇ ਸਾਰੀਆਂ ਕੌਮਾਂ ਤੇ ਕਿਰਤਾਂ ਦੇ ਲੋਕਾਂ ਨੂੰ ਲਿਆ ਕੇ ਸ਼ਹਿਰ ਨੂੰ ਇਕ ਤਕੜਾ ਵਿਉਪਾਰ ਦਾ ਕੇਂਦਰ ਸਥਾਪਤ ਕੀਤਾ ਅਰ ਨਵੇਂ ਵਸੇ ਨਗਰ ਦੇ ਵਿਚਕਾਰ ਅੰਮ੍ਰਿਤ ਸਰੋਵਰ ਸਾਜਿਆ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਬਣਵਾ ਕੇ ਤੇ ਸਰੋਵਰ ਮੁਕੰਮਲ ਕਰਵਾ ਕੇ ਗੁਰੂ ਗ੍ਰੰਥ ਸਾਹਿਬ ਮੁਕੰਮਲ ਕੀਤਾ। ਦੇਸ਼ ਦੇਸਾਂਤਰਾਂ ਵਿਚ ਸਿਖ ਪ੍ਰਚਾਰਕ ਭੇਜਕੇ ਸਿਖਾਂ ਵਿਚ ਬਿਉਪਾਰ ਤੇ ਕੋਮਲ ਹੁਨਰਾਂ ਨੂੰ ਉਤਸ਼ਾਹਤ ਕਰਕੇ ਸਿਖ ਧਰਮ ਲਈ ਨਵੇਕਲੀ ਥਾਂ ਬਣਾਈ। ਅਸੂਲ ਤੇ ਧਰਮ ਦੀ ਖਾਤਰ ਸ਼ਹੀਦੀ ਪ੍ਰਾਪਤ ਕਰਕੇ ਸਿਖ਼ੀ ਦੇ ਸੰਤ ਮਤ ਨੂੰ ਸੈਨਕਤਾ ਦੇ ਨੇੜੇ ਲ ਆਂਦਾ। ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਕਾਇਮ ਕਰਕ ਸਿਖ ਨੂੰ ਸੰਤ-ਸਿਪਾਹੀ ਦਾ ਮੁਢਲਾ ਰੂਪ ਦਿਤਾ, ਜਿਸ ਨੂੰ ਅੰਤਮ ਸ਼ਕਲ ਉਹਨਾਂ ਦੇ ਪੋਤਰੇ ਗੁਰੂ ਗੋਬਿੰਦ ਸਿੰਘ ਜੀ ਨੇ ਦੇਣੀ ਸੀ। ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਸਮੇਂ ਅਨੁਸਾਰ ਬੜਾ ਭਗਤੀ-ਭਰਿਆ ਤੇ ਅਚਿੰਤ ਜੀਵਨ ਬਤੀਤ ਕੀਤਾ।

ਗੁਰੂ ਤੇਗ ਬਹਾਦਰ ਜੀ ਨੇ ਮਜ਼ਲੂਮਾਂ, ਅਸੂਲ ਤੇ ਧਰਮ ਦੀ ਰਾਖੀ ਦੀ ਖ਼ਾਤਰ ਦਿਲੀ ਦੇ ਚਾਂਦਨੀ ਚੌਕ ਵਿਚ ਅਪਣਾ ਸੀਸ ਕੁਰਬਾਨ ਕਰਕੇ ਕੁਰਲਾਂਦੀ ਪਈ ਭਾਰਤ ਮਾਤਾ ਦੀ ਲਾਜ ਰੱਖੀ। ਨੌਵੇਂ ਗੁਰੂ ਜੀ ਦੀ ਸ਼ਹੀਦੀ ਨੇ ਸਿੱਖਾਂ ਦੀ ਬਹਾਦਰੀ ਤੇ ਕੁਰਬਾਨੀ ਦੇ ਇਤਹਾਸ ਲਈ ਉਹ ਕੰਮ ਕੀਤਾ, ਜੋ ਜਾਗ ਦੁੱਧ ਲਈ ਕਰਦੀ ਹੈ। ਬੱਸ! ਫਿਰ ਕੀ ਸੀ !! ਇਸ ਸ਼ਹੀਦੀ ਨੇ ਸਿੱਖ ਕੌਮ ਵਿਚ ਨਿਡਰਤਾ ਤੇ ਬੀਰਤਾ ਦੇ ਬਿਰਛ ਦਾ ਬੀ ਬੀਜਿਆ। ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਜਾ ਕੇ ਤੇਗ ਨੂੰ ਸਿੰਘਾਂ ਦੇ ਧਰਮ ਦਾ ਜ਼ਰੂਰੀ ਅੰਗ ਜਾਂ ਚਿੰਨ੍ਹ ਬਣਾ ਦਿਤਾ। ਕੌਮ ਦੀ ਕਾਇਆਂ ਬਦਲ ਗਈ, ਚਿੜੀਆਂ ਤੋਂ ਬਾਜ ਤੁੜਵਾ



Digitized by Panjab Digital Library | www.panjabdigilib.org

ਦਿਤੇ। ਕੌਮ ਨੂੰ ਕੁਰਬਾਨੀ ਦੀ ਸੰਥਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਪਿਤਾ, ਮਾਤਾ, ਚਾਰ ਪੁੱਤਰ ਅਤੇ ਆਪਨਾ ਆਪ ਵਾਰਕੇ ਦਿਤੀ। ਉਸ ਸਮੇਂ ਤੋਂਮ ਬਾਅਦ ਤਾਂ ਸਿੱਖ ਕੌਮ ਦੇ ਇਤਹਾਸ ਵਿਚ ਕੁਰਬਾਨੀਆਂ ਦੀ ਝੜੀ ਹੀ ਲਗੀ ਰਹੀ ਹੈ। ਅੰਮ੍ਰਿਤ ਛਕਣ ਦਾ ਤਰੀਕਾ ਹੀ ਇਹੋ ਜਿਹਾ ਹੈ ਕਿ ਇਸ ਸੰਸਕਾਰ ਨਾਲ ਛੂਤ-ਛਾਤ ਤੇ ਜ਼ਾਤ ਪਾਤ ਦਾ ਗਲ ਘੁਟਿਆ ਜਾਂਦਾ ਹੈ। ਸਭ ਸਿੰਘ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਦੇਵਾਂ ਜੀ ਦੇ ਪੁੱਤਰ ਹੋਣ ਦਾ ਪ੍ਰਣ ਕਰਦੇ ਹਨ ਅਤੇ ਇਸ ਤਰ੍ਹਾਂ ਸ੍ਰੀ ਅਨੰਦਪੁਰ ਦੇ ਵਾਸੀ ਬਣ ਕੇ ਸਾਰਾ ਖਾਲਸਾ ਪੰਥ ਇਕੋ ਟੱਬਰ ਬਣ ਜਾਂਦਾ ਹੈ। ਅੰਮ੍ਰਿਤਧਾਰੀ ਸਿੰਘ ਲਈ ਉਸ ਦੇ ਪਹਿਲੇ ਸਮਾਜਕ ਤੇ ਧਾਰਮਕ ਸਬੰਧ ਖ਼ਤਮ ਹੋ ਜਾਂਦੇ ਹਨ, ਜਿਨ੍ਹਾਂ ਨੂੰ ਕਰਮ ਨਾਸ ਤੇ ਕੁੱਲ ਨਾਸ ਕਿਹਾ ਜਾਂਦਾ ਹੈ।

ਭਾਰਤ ਤਾਂ ਇਕ ਪਾਸੇ, ਸਿੱਖ ਕੌਮ ਦੀਆਂ ਕੁਰਬਾਨੀਆਂ ਦਾ ਸਾਰੇ ਸੰਸਾਰ ਦੇ ਇਤਹਾਸ ਵਿਚ ਬੇਨਜ਼ੀਰ ਤੇ ਵਿਸੇਸ਼ ਅਸਥਾਨ ਹੈ। ਸਿੱਖ ਇਤਹਾਸ ਨੂੰ ਉਡਦੇ ਪੰਛੀ ਦੀ ਅੱਖ ਨਾਲ ਵੇਖਿਆਂ ਵੀ ਬੰਦੇ ਬਹਾਦਰ ਤੇ ਉਸਦੇ ਸਾਥੀ ਸਿੰਘਾਂ ਦੀ ਬਹਾਦਰੀ ਤੇ ਕੁਰਬਾਨੀ, ਛੋਟੇ ਤੇ ਵਡੇ ਘਲੂਘਾਰਿਆਂ ਦੀਆ ਬੇਅੰਤ ਸ਼ਹੀਦੀਆਂ, ਮੀਰ ਮੰਨੂੰ ਦੇ ਹਿਰਦੇ ਵੇਧਕ ਅਤਿਆਚਾਰਾਂ ਸਾਹਮਣੇ ਸਿੰਘਣੀਆਂ ਦਾ ਅਕਹਿ ਤੇ ਅਸਹਿ ਦੁਖਾਂ ਦਾ ਹੱਸ ਹੱਸ ਕੇ ਸਾਹਮਣਾ ਕਰਨਾ ਤੇ 'ਸਤਿਨਾਮ' ਤੇ 'ਵਾਹਿਗੁਰੂ' ਕਹਿ ਕੇ ਆਪਨੀਆਂ ਝੋਲੀਆਂ ਵਿਚ ਆਪਨੇ ਮਾਸੂਮ ਬਚਿਆਂ ਦੇ ਟੋਟੇ ਪਵਾ ਲੈਣੇ, ਸਿੰਘਾਂ ਦਾ ਚਰਖੀਆਂ ਤੇ ਚੜ੍ਹਨਾ, ਆਰਿਆਂ ਨਾਲ ਤਨ ਚਿਰਾਣਾ, ਉਬਲਦੀਆਂ ਦੇਗਾਂ ਵਿਚ ਬਹਿਣਾ, ਖੋਪਰੀਆਂ ਲੁਹਾਣੀਆਂ ਤੇ ਬੰਦ ਬੰਦ ਕਟਵਾਣੇ ਆਦਿ ਸਿਖ ਇਤਹਾਸ ਦੇ ਗਹਿਣਿਆਂ ਨੂੰ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਅਹਿਮਦਸ਼ਾਹ ਅਬਦਾਲੀ ਤੇ ਨਾਦਰਸ਼ਾਹ ਤੇ ਹਮਲਿਆਂ ਦਾ ਬਾਰਾਂ ਮਿਸਲਾਂ ਦੇ ਸਿੰਘਾਂ ਦੀਆਂ ਬਹਾਦਰੀਆਂ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਸਾਰੇ ਪੰਜਾਬੀਆਂ ਦਾ ਦੁਖ ਭੰਜਨ ਤੇ ਸੁਖ-ਦਾਤਾ ਸੈਕੂਲਰ ਰਾਜ, ਸ. ਹਰੀ ਸਿੰਘ ਨਲਵੇ, ਮਹਾਰਾਜਾ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਦੀਆਂ ਕਾਬਲ ਕੰਧਾਰ ਤਕ ਧਾਂਕਾਂ; ਸਭ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੇ ਇਤਿਹਾਸ ਦੇ ਸੁਨਹਿਰੀ ਵਰਕੇ ਹਨ।

ਸ਼ੁਰੂ ਤੋਂ ਹੀ ਅਕਾਲੀ ਸਿਖ ਕੌਮ ਦੀਆਂ ਕੁਰਬਾਨੀਆਂ ਤੇ ਬਹਾਦਰੀਆਂ ਦੇ ਮੈਦਾਨ ਵਿਚ ਮੂਹਰੇ ਰਹੇ ਹਨ। ਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਦੀ ਨੀਂਹ ਜਾਂ ਜੜ੍ਹ-ਮੂਲ ਮੰਤ੍ਰ ਵਿਚ ਹੀ ਰਬ ਨੂੰ 'ਅਕਾਲ'



Digitized by Panjab Digital Library | www.panjabdigilib.org

ਆਖਿਆ ਸੀ ਤੇ ਅਕਾਲ ਦਾ ਪੁਜਾਰੀ ਅਕਾਲੀ ਹੁੰਦਾ ਹੈ । ਅਕਾਲੀ ਲਹਿਰ ਦੇ ਸਮੇਂ ਗੁਰਦੁਆਰਾ ਰਕਾਬ ਗੰਜ ਦਿਲੀ ਦੇ ਮੋਰਚੇ, ਸ੍ਰੀ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ, ਸ੍ਰੀ ਨਨਕਾਣਾ ਸਾਹਿਬ ਦੇ ਸਾਕੇ, ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆਂ ਦੀਆਂ ਕੁਰਬਾਨੀਆਂ ਹਿੰਦੁਸਤਾਨ ਦੀ ਸਮਾਜਕ, ਧਾਰਮਿਕ ਤੇ ਸਿਆਸੀ ਆਜ਼ਾਦੀ ਦੇ ਇਤਿਹਾਸ ਦਾ ਮਾਣ ਹਨ ।

ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਨਾਮਧਾਰੀਆਂ ਦੀ ਕੁਰਬਾਨੀ, ਲਾਹੌਰ ਸਾਜ਼ਸ਼ ਕੇਸ,ਮਾਰਸ਼ਲ ਲਾਅਅਤੇ ਗਦਰੀ ਬਾਬਿਆਂ ਆਦਿ ਦੀਆਂ ਲਹਿਰਾਂ ਵਿਚ ਸਿਖਾਂ ਦਾ ਵੱਡਾ ਹਿਸਾ ਹੈ । ਸ਼ਹੀਦ ਭਗਤ ਸਿੰਘ, ਸ: ਸੇਵਾ ਸਿੰਘ ਠੀਕਰੀਵਾਲਾ ਤੇ ਕਰਤਾਰ ਸਿੰਘ ਸਰਾਭਾ ਦੇ ਨਾਵਾਂ ਤੋਂ ਕੌਣ ਜਾਣੂੰ ਨਹੀਂ ? ਕਾਮਾਗਾਟਾ ਮਾਰੂ ਜਹਾਜ਼ ਦੇ ਸ਼ਹੀਦਾਂ ਤੇ ਲੀਡਰਾਂ ਦੀ ਮਹੱਤਤਾ ਅੱਖਾਂ ਤੋਂ ਓਹਲੇ ਕਿਵੇਂ ਕੀਤੀ ਜਾ ਸਕਦੀ ਹੈ?ਸਰਦਾਰ ਊਧਮ ਸਿੰਘ ਸੁਨਾਮੀ ਤੇ ਸਰਦਾਰ ਮੇਵਾ ਸਿੰਘ ਵੈਨਕੂਵਰ (ਕੈਨੇਡਾ) ਦੀਆਂ ਬਹਾਦਰੀਆਂ ਸਾਰੇ ਭਾਰਤੀਆਂ ਦਾ ਗੌਰਵ ਹਨ । ਦੇਸ਼ ਦੀ ਅਜ਼ਾਦੀ ਦੇ ਘੋਲ ਵਿਚ ਸਭ ਤੋਂ ਵਧੇਰੇ ਸਿਖਾਂ ਨੇ ਜੇਲ੍ਹਾਂ ਵਿਚ ਜਾਕੇ ਤੇ ਫਾਂਸੀਆਂ ਤੇ ਚੜ੍ਹਕੇ ਇਸ ਗਲ ਦਾ ਸਬੂਤ ਸੰਸਾਰ ਦੇ ਲੋਕਾਂ ਨੂੰ ਦੇ ਦਿਤਾ ਕਿ ਸਿਖ ਦੇਸ ਭਗਤਾਂ ਦੀ ਇਕ ਮਹਾਨ ਕੌਮ ਹੈ । ੧੯੪੭ ਵਿਚ ਦੇਸ਼ ਦੇ ਵੰਡਾਰੇ ਦੇ ਸਮੇਂ ਵੀ ਹਰ ਪ੍ਰਕਾਰ ਦੀਆਂ ਸਭ ਤੋਂ ਜ਼ਿਆਦਾ ਕੁਰਬਾਨੀਆਂ ਸਿੱਖਾਂ ਨੇ ਦਿਤੀਆਂ ਅਤੇ ਕਸ਼ਮੀਰ ਵੀ ਸਿੱਖ ਫੌਜਾਂ ਦੀ ਬਹਾਦਰੀ ਤੇ ਕੁਰਬਾਨੀ ਸਦਕਾ ਬਚਿਆ । ੧੯੬੨ ਦੀ ਚੀਨ ਨਾਲ ਤੇ ੧੯੬੫ ਦੀ ਪਾਕਿਸਤਾਨ ਨਾਲ ਹੋਈ ਲੜਾਈ ਵਿਚ ਵੀ ਸਿਖ ਜਵਾਨਾਂ ਦੀਆਂ ਬਹਾਦਰੀਆਂ ਨੇ ਸੰਸਾਰ ਨੂੰ ਦੰਗ ਕਰ ਕੇ ਰਖ ਦਿਤਾ । ਅਜ ਵੀ ਕਸ਼ਮੀਰ ਦੀ ਸਾਰੀ ਹੱਦ ਤੇ ਸਿਖ ਫੌਜਾਂ ਦੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਹੀ ਸੁਣੇ ਜਾਂਦੇ ਨੇ ।

ਸਿੱਖ ਸੰਤ ਵੀ ਹੈ ਤੇ ਸਿਪਾਹੀ ਵੀ । ਸਿੱਖ ਧਰਮ ਵਿਚ ਧਰਮ ਤੇ ਰਾਜਨੀਤੀ, 'ਦੇਗ ਤੇਗ' ਦੇ ਅਸੂਲ ਤੇ ਅਕੀਦੇ ਅਨੁਸਾਰ ਇਕ ਜਾਨ ਹਨ । ਸਿਖ ਅਰਦਾਸ ਵਿਚ ਸਰਬਤ ਦਾ ਭੱਲਾ ਮੰਗਦੇ ਹਨ ।

ਆਓ ! ਅਜ ਅਸੀਂ ਸਾਰੇ ਆਪਣੇ ਆਪ ਨੂੰ ਨਿਰਪਖ ਹੋ ਕੇ ਆਲੋਚੀਏ । ਕੀ ਅਸੀਂ ਗੁਰ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਸਚੇ ਸੰਤ-ਸਿਪਾਹੀ ਹਾਂ ? ਕੀ ਅਸੀਂ ਜ਼ਾਤ ਪਾਤ ਦੇ ਜ਼ਾਲਮ ਜ਼ਹਿਰ ਦੀ ਮਾਰ ਤੋਂ ਬਚੇ ਹੋਏ ਹਾਂ ? ਕੀ ਅਸੀਂ ਉਹ ਕੁਝ ਪਰਾਪਤ ਕਰ ਚੁਕੇ ਹਾਂ ਜਾਂ ਕਰਨ ਦੀ ਆਸ ਹੈ, ਜੋ ਉਸ ਕੌਮ ਨੂੰ ਜਿਸ ਦੇ ਸਿਧਾਂਤ ਉਚੇ ਹੋਣ, ੫੦੦ ਸਾਲਾਂ ਵਿਚ ਕਰਨਾ ਚਾਹੀਦਾ ਸੀ ? ਕੀ ਅਸੀਂ ਗੁਫਤਾਰ ਦੇ ਗਾਜ਼ੀ ਹਾਂ ਜਾਂ



Digitized by Panjab Digital Library | www.panjabdigilib.org

ਕਿਰਦਾਰ ਦੇ ਵੀ ? ਕੀ ਅਸੀਂ ਉਤੋਂ ਸਿੱਖ ਤੇ ਵਿਚੋਂ ਸੱਚੀ ਗਲ ਸਿਖਣ ਤੇ ਸਹਿਣ ਦੇ ਵਿਰੁਧ ਤਾਂ ਨਹੀਂ ? ਇਹਨਾਂ ਸਾਰਿਆਂ ਸਵਾਲਾਂ ਦੇ ਜਵਾਬ ਸਾਨੂੰ ਆਪਣੇ ਅੰਦਰੋਂ ਭਲੀ ਭਾਂਤ ਮਿਲ ਰਹੇ ਹਨ ।

ਵੀਹਵੀਂ ਸਦੀ ਵਿਗਿਆਨ ਦਾ ਯੁਗ ਹੈ । ਮਨੁੱਖ ਦੀਆ ਵਿਗਿਆਨਕ ਕਾਢਾਂ ਹਰ ਮਨੁੱਖ ਨੂੰ ਚਕ੍ਰਿਤ ਕਰ ਰਹੀਆਂ ਹਨ । ਅਜ ਦੇ ਵਿਗਿਆਨੀ ਚੰਨ ਅਤੇ ਕਈ ਹੋਰ ਖੰਡਾਂ ਬ੍ਰਹਮੰਡਾਂ ਦੀ ਹੋਂਦ ਨੂੰ ਸਵੀਕਾਰ ਕਰ ਚੁਕੇ ਹਨ ਅਤੇ ਹੁਣੇ ਹੁਣੇ ਅਮਰੀਕਾ ਦੇ ਵਿਗਿਆਨੀਆਂ ਨੇ ਮਨੁੱਖ ਨੂੰ ਚੰਦ ਦੀ ਸੈਰ ਕਰਵਾਈ ਹੈ, ਪ੍ਰੰਤੂ ਸਾਨੂੰ ਇਸ ਗਲ ਤੇ ਮਾਣ ਹੈ ਕਿ ਸਿਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਅਜ ਤੋਂ ਸਦੀਆਂ ਪਹਿਲਾਂ ਆਪਣੇ ਆਤਮਿਕ ਅਨੁਭਵ ਦੁਆਰਾ ਜੋ ਦੈਵੀ ਬਾਣੀ ਦਾ ਪ੍ਰਕਾਸ਼ ਕੀਤਾ, ਉਸ ਵਿਚ ਬ੍ਰਹਮੰਡ ਦੇ ਇਸ ਪਸਾਰੇ ਬਾਰੇ ਵੀ ਸਪਸ਼ਟ ਸੰਕੇਤ ਕੀਤੇ ਅਤੇ ਫੁਰਮਾਇਆ :-

(੧) ਧਰਤੀ ਹੋਰੁ ਪਰੈ ਹੋਰੁ ਹੋਰੁ......
(੨) ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ......
(੩) ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ......

ਸਿਖ ਧਰਮ ਅਜੋਕੇ ਯੁਗ ਦਾ ਧਰਮ ਹੈ । ਇਹ ਵਿਗਿਆਨ ਅਤੇ ਦਲੀਲ ਦੇ ਬਹੁਤ ਨੇੜੇ ਹੈ । ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਜਿਵੇਂ ਜਿਵੇਂ ਮਨੁੱਖ ਵਿਗਿਆਨਕ ਖੋਜਾਂ ਵਿਚ ਅਗ ਵਧੇਗਾ, ਤਿਵੇਂ ਤਿਵੇਂ ਹੀ ਉਹ ਸਿੱਖ ਧਰਮ ਦੀ ਮਹਾਨਤਾ ਨੂੰ ਪੂਰੀ ਤਰ੍ਹਾਂ ਅਨੁਭਵ ਕਰਣ ਦੇ ਸਮਰਥ ਹੁੰਦਾ ਜਾਵੇਗਾ ਅਤੇ ਗੁਰੂ ਨਾਨਕ ਦੇਵ ਜੀ ਦੀ ਉਚਰੀ ਇਹ ਅਰਸ਼ੀ ਬਾਣੀ ਸਾਮ੍ਰਤਖ ਇਹ ਸਿਧ ਕਰੇਗੀ ਕਿ ਜਿਥੇ ਵਿਗਿਆਨ ਦਾ ਅੰਤ ਹੈ, ਉਥੋਂ ਗੁਰੂ-ਅਨੁਭਵਤਾ ਦਾ ਆਰੰਭ ਹੁੰਦਾ ਹੈ ।

ਅੰਤ ਵਿਚ ਮੈਂ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਮਨਾਉਣ ਵਾਲੀ ਇਸ ਸਰਬ ਸਾਂਝੀ ਸਰਬ ਸੰਸਾਰ ਕਨਵੈਨਸ਼ਨ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰ ਤੇ ਇਹ ਅਰਦਾਸ ਕਰਦਾ ਹਾਂ ਕਿ ਉਹ ਸਾਡੀਆਂ ਭੁੱਲਾਂ ਤੇ ਊਣਤਾਈਆਂ ਮਾਫ਼ ਕਰਕੇ ਸਾਨੂੰ ਬਲ ਤੇ ਬੁਧੀ ਬਖਸ਼ਣ, ਤਾਂ ਜੋ ਅਸੀਂ ਸਚੇ ਸਿਖ ਅਤੇ ਸਿੰਘ ਬਣ ਕੇ ਪੰਥ ਦੇਸ਼ ਤੇ ਦੁਨੀਆਂ ਦੇ ਭਲੇ, ਅਰਥਾਤ ਇਸ ਦੇ ਅਮਨ ਤੇ ਉਨਤੀ ਵਿਚ ਵਾਧਾ ਕਰ ਸਕੀਏ । ਧੰਨਵਾਦਿ ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਗੁਰੂ ਪੰਥ ਦਾ ਦਾਸ, ਫ਼ਤਹ ਸਿੰਘ (ਸੰਤ)
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ ।

Digitized by Panjab Digital Library | www.panjabdigilib.org

PL-0151

Digitized by Panjab Digital Library | www.panjabdigilib.org

ਪ੍ਰਕਾਸ਼ਕ :

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਤੇਜਾ ਸਿੰਘ ਸਮੁੰਦਰੀ ਹਾਲ

ਸ੍ਰੀ ਅੰਮ੍ਰਿਤਸਰ

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧੁ ਜਗਿ ਚਾਨਣੁ ਹੋਆ॥

ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, (ਰਾਮਸਰ ਰੋਡ) ਅੰਮ੍ਰਿਤਸਰ

ਪ੍ਰਿੰਟਰ-ਮਹਿੰਦਰ ਸਿੰਘ 'ਗਿਆਨੀ', ਸਕੱਤਰ,

ਸ਼੍ਰੋਮਣੀ ਗੁ: ਪ੍ਰ: ਕਮੇਟੀ।

Digitized by Panjab Digital Library | www.panjabdigilib.org